# BSB Diversified (BSB ਡਾਇਵਰਸੀਫਾਈਡ) ਨਵੇਂ ਡਰਾਫਟ ਦੇ ਪਰਮਿਟ ਲਈ ਜਨਤਕ ਟਿੱਪਣੀ ਵਕਫ਼ਾ



BSB ਜਾਇਦਾਦ ਦੀ ਹੁਣ ਦੀ ਫ਼ੋਟੋ (4.2 ਏਕੜ, ਪੱਕੀ ਖੁੱਲ੍ਹੀ ਥਾਂ)

## ਟਿੱਪਣੀਆਂ ਪ੍ਰਵਾਨਿਤ

9 ਮਈ ਤੋਂ 24 ਜੂਨ, 2022 ਤੱਕ

## ਟਿੱਪਣੀਆਂ ਦਰਜ ਕਰਵਾਓ:

https://bit.ly/BSBComments

ਮੇਲ ਰਾਹੀਂ:

Christa Colouzis, Site Manager
Department of Ecology
PO Box 330316
Shoreline, WA 98133
425-324-1850
christa.colouzis@ecy.wa.gov

## ਸਾਈਟ ਦੀ ਜਾਣਕਾਰੀ

ਕੇਂਦਰ ਦੀ ਸਾਈਟ ID: 2105
ਸਾਈਟ ਸਫਾਈ ID: 58

### ਮਦਦ ਚਾਹੀਦੀ ਹੈ?

ਸੰਪਰਕ ਕਰੋ Janelle Anderson,
Community Outreach Specialist
425-301-6454
janelle.anderson@ecy.wa.gov

## ਅਸੀਂ ਤੁਹਾਡੀ ਰਾਇ ਲੈਣਾ ਚਾਹੁੰਦੇ ਹਾਂ!

Ecology ਤੁਹਾਨੂੰ 8202 S. 200th St. Kent, WA, 98032 'ਤੇ ਸਥਿੱਤ BSB Diversified (BSB) ਲਈ ਹੇਠਾਂ ਦਿੱਤੀ ਸਮੀਖਿਆ ਅਤੇ ਟਿੱਪਣੀ ਕਰਨ ਲਈ ਸੱਦਾ ਦਿੰਦਾ ਹੈ।

**ਡਰਾਫਟ ਪਰਮਿਟ (Permit Lite):**
Permit Lite ਇੱਕ **ਖਤਰਨਾਕ ਕੂੜਾ-ਕਰਕਟ ਦੇ ਸੁਧਾਰ ਲਈ ਕਾਰਵਾਈ ਕਰਨ ਦਾ ਪਰਮਿਟ**ਹੁੰਦਾ ਹੈ ਜੋ ਸਾਈਟ 'ਤੇ ਸਫਾਈ ਨੂੰ ਜਾਰੀ ਰੱਖਣ ਦੀ ਇਜਾਜ਼ਤ ਦਿੰਦਾ ਹੈ। ਕੇਂਦਰ ਵਾਲੀ ਥਾਂ ਦੀ ਸਫ਼ਾਈ ਕਰਨ ਲਈ, BSB ਕੋਲ ਇਹ ਪਰਮਿਟ ਹੋਣਾ ਲਾਜ਼ਮੀ ਹੈ। ਉਹ ਨਵੰਬਰ 2005 ਤੋਂ ਇਸ ਪਰਮਿਟ ਅਧੀਨ ਕੰਮ ਕਰ ਰਹੇ ਹਨ। ਹੁਣ ਇਸ ਨੂੰ ਦੁਬਾਰਾ ਤੋਂ ਜਾਰੀ ਕਰਵਾਉਣ ਦੀ ਲੋੜ ਹੈ

**ਡਰਾਫਟ ਦੀ ਸਮੇਂ-ਸਮੇਂ 'ਤੇ ਸਮੀਖਿਆ:**
ਅਸੀਂ ਇਹ ਯਕੀਨੀ ਬਣਾਉਣ ਲਈ ਸਮੇਂ-ਸਮੇਂ 'ਤੇ ਸਮੀਖਿਆ ਕਰਦੇ ਹਾਂ ਕਿ ਮੌਜੂਦਾ ਸਫਾਈ ਵਿਧੀਆਂ ਕੰਮ ਕਰ ਰਹੀਆਂ ਹਨ ਜਾਂ ਨਹੀਂ

**ਸ਼ਮੂਲੀਅਤ ਯੋਜਨਾ ਦਾ ਡਰਾਫਟ (Draft Public Participation Plan, PPP):**
PPP ਭਾਈਚਾਰੇ ਵੱਲੋਂ ਮਿਲੇ ਸਫਾਈ ਦੇ ਫੈਸਲਿਆਂ ਵਿੱਚ ਟਿੱਪਣੀ ਅਤੇ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦਾ ਹੈ।


ਜਨਤਕ ਟਿੱਪਣੀ ਕਰਨ ਦੀ ਮਿਆਦ ਖਤਮ ਹੋਣ 'ਤੇ, ਅਸੀਂ ਸਾਰੀਆਂ ਜਨਤਕ ਟਿੱਪਣੀਆਂ 'ਤੇ ਸੋਚ-ਵਿਚਾਰ ਕਰਦੇ ਹਾਂ ਅਤੇ ਉਹਨਾਂ ਦੇ ਆਧਾਰ 'ਤੇ ਦਸਤਾਵੇਜ਼ਾਂ ਵਿੱਚ ਬਦਲਾਅ ਕਰ ਸਕਦੇ ਹਾਂ। ਸਾਰੀਆਂ ਜਨਤਕ ਟਿੱਪਣੀਆਂ 'ਤੇ ਵਿਚਾਰ ਕਰਨ ਤੋਂ ਬਾਅਦ, ਦਸਤਾਵੇਜ਼ਾਂ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।

ਇਹਨਾਂ ਦਸਤਾਵੇਜ਼ਾਂ ਨੂੰ ਦੇਖਣ ਅਤੇ ਡਾਊਨਲੋਡ ਕਰਨ ਲਈ ecology.wa.gov/BSBdocs 'ਤੇ ਜਾਓ:

- **Permit Lite ਦਾ ਡਰਾਫਟ**
- **ਡਰਾਫਟ ਦੀ ਸਮੇਂ-ਸਮੇਂ 'ਤੇ ਸਮੀਖਿਆ**
- **ਜਨਤਕ ਸ਼ਮੂਲੀਅਤ ਯੋਜਨਾ ਦਾ ਡਰਾਫਟ (PPP)**

# ਸਾਈਟ ਦੀ ਬੈਕਗ੍ਰਾਉਂਡ

ਇਸ ਕੈਂਟ ਸਫਾਈ ਸਾਈਟ ਦੀਆਂ ਦੋ ਮੁੱਖ ਜਾਇਦਾਦਾਂ ਹਨ: BSB Diversified (BSB) ਅਤੇ Hexcel Corporation Kent-Plant 1 (Hexcel).




ਚਿੱਤਰ1: BSB Diversified and Hexcel Corporation ਦਾਂ ਕੈਂਟ, ਵਾਸ਼ਿੰਗਟਨ (Washington, WA) ਵਿੱਚ ਸਥਾਨ

ਇਸ ਸਾਈਟ 'ਤੇ, BSB ਗੰਦਗੀ ਦਾ ਮੁੱਖ ਸੋਮਾ ਹੈ। Hexcel ਉਸਦੇ ਗੁਆਂਢ ਵਾਲੀ ਜਾਇਦਾਦ ਹੈ। BSB ਦੀ ਗੰਦਗੀ ਨੇ ਧਰਤੀ ਹੇਠਲੇ ਪਾਣੀ ਨੂੰ ਗੰਦਾ ਕੀਤਾ ਜੋ Hexcel ਦੇ ਹੇਠਾਂ ਦੀ ਵਗਦਾ ਹੈ।

ਇਨ੍ਹਾਂ ਕੰਪਨੀਆਂ ਤੋਂ ਪੈਦਾ ਹੋਣ ਹੋਣ ਵਾਲੇ ਰਸਾਇਣਕ ਨਿਕਾਸ ਕਾਰਨ ਹੋਣ ਵਾਲੀ ਗੰਦਗੀ ਨਾਲ ਹੋਰ ਨੇੜਲੀਆਂ ਜਾਇਦਾਦਾਂ ਵੀ ਪ੍ਰਭਾਵਿਤ ਹੁੰਦੀਆਂ ਹਨ। Hexcel ਸਮੇਤ ਇਹ ਸਾਰੀਆਂ ਜਾਇਦਾਦਾਂ ਨੂੰ ਸਮੂਹਿਕ ਤੌਰ 'ਤੇ BSB ਸਾਈਟ ਵਜੋਂ ਜਾਣਿਆ ਜਾਂਦਾ ਹੈ। 1956 ਤੋਂ 1987 ਤੱਕ:

- ਨਿਰਮਾਣ, ਪਲੇਟਿੰਗ, ਧਾਤ ਰਗੜਾਈ, ਅਤੇ ਇਲੈਕਟ੍ਰੋਪਲੇਟਿੰਗ ਵਰਗੀਆਂ ਗਤੀਵਿਧੀਆਂ ਨੇ BSB ਸਾਈਟ 'ਤੇ ਰਸਾਇਣਕ ਨਿਕਾਸ ਹੋਏ ਹਨ।
- ਸਾਈਟ ਦੀਆਂ ਧਾਤ ਗਰੜਾਈ ਦੀਆਂ ਸਹੂਲਤਾਂ ਨੇ ਕਾਫ਼ੀ ਮਾਤਰਾ ਵਿੱਚ ਕਲੋਰੀਨੇਟਿਡ ਘੋਲਾਂ ਦੀ ਵਰਤੋਂ ਕੀਤੀ ਹੈ।
- ਇਸ ਸਾਈਟ ਵਿੱਚ ਖਤਰਨਾਕ ਕੂੜੇ ਦਾ ਪ੍ਰਬੰਧਨ, ਭੰਡਾਰਨ ਅਤੇ ਨਿਪਟਾਰੇ ਲਈ ਸਤ੍ਹਾ 'ਤੇ ਜਮ੍ਹਾਵ, ਲੈਗੂਨ, ਕੰਟੇਨਰ ਸਟੋਰੇਜ, ਅਤੇ ਇਸ ਤਰ੍ਹਾਂ ਦੀਆਂ ਯੂਨਿਟਾਂ ਸ਼ਾਮਲ ਹਨ।

# ਗੰਦਗੀ

1988 ਤੋਂ ਪਹਿਲਾਂ, Hexcel ਅਤੇ BSB ਦੋਵੇਂ BSB ਦੀ ਮਲਕੀ ਅਧੀਨ ਸਨ। ਇਤਿਹਾਸਕ ਕੰਮਾਂ ਵਿੱਚ ਧਾਤ ਰਗੜਾਈ ਅਤੇ ਇਲੈਕਟ੍ਰੋਪਲੇਟਿੰਗ ਸ਼ਾਮਲ ਸਨ। ਪਿਛਲੇ ਕੰਮਾਂ ਵਿੱਚ ਧਾਤੂ ਦੇ ਹਿੱਸਿਆਂ ਨੂੰ ਸਾਫ਼ ਕਰਨ ਲਈ ਕਲੋਰੀਨੇਟਿਡ ਘੋਲਾਂ ਵਾਲਾ, ਟ੍ਰਾਈਕਲੋਰੀਥਾਈਲੀਨ (Trichloroethylene, TCE) ਦੀ ਵਰਤੋਂ ਕੀਤੀ ਗਈ ਸੀ। TCE ਦੂਸ਼ਿਤ ਮਿੱਟੀ ਅਤੇ ਧਰਤੀ ਵਿਚਲੇ ਪਾਣੀ ਨੂੰ ਫੈਲਾਉਂਣ ਅਤੇ ਲੀਕ ਕਰਨ ਦਾ ਕਰਦਾ ਹੈ। ਸਮੇਂ ਦੇ ਨਾਲ, TCE ਸਿਸ-1,2-ਡਿਕਲੋਰੋਇਥੀਲੀਨ (cis-1,2-dichloroethylene) ਅਤੇ ਵਿਨਾਇਲ ਕਲੋਰਾਈਡ ( vinyl chloride, VC) ਵਿੱਚ ਟੁੱਟ ਜਾਂਦਾ ਹੈ। VC ਦਾ ਸਫਾਈ ਪੱਧਰ ਬਹੁਤ ਹੀ ਸਖਤ ਹੈ ਜੋ ਕਿ ਕੈਂਸਰ ਦਾ ਕਾਰਨ ਬਣ ਸਕਦਾ ਹੈ।


ਦੂਸ਼ਿਤ ਧਰਤੀ ਵਿਚਲਾ ਪਾਣੀ ਮੌਜੂਦਾ ਸਮੇਂ ਵਿੱਚ BSB ਸੰਪੱਤੀ ਦੇ ਪੂਰੇ ਘੇਰੇ ਦੇ ਆਲੇ ਦੁਆਲੇ ਇੱਕ ਧਰਤੀ ਅੰਦਰ ਕਲੇਅ-ਮਿੱਟੀ ਬੈਰੀਅਰ ਵਾਲੀ ਕੰਧ ਦੇ ਪਿੱਛੇ ਇੱਕਠਾ ਹੁੰਦਾ ਰਹਿੰਦਾ ਹੈ। ਇਸ ਰੁਕਾਵਟ ਕਾਰਨ ਦੂਸ਼ਿਤ ਧੜਤੀ ਵਿਚਲਾ ਪਾਣੀ ਨੂੰ BSB ਸਾਈਟ ਤੋਂ ਬਾਹਰ ਜਾਣ ਤੋਂ ਰੁੱਕ ਜਾਂਦਾ ਹੈ।

# ਸਫ਼ਾਈ ਪ੍ਰਕਿਰਿਆ

ਸਫਾਈ ਪ੍ਰਕਿਰਿਆ ਵਿੱਚ ਛੇ ਪੜਾਅ ਹਨ: ਹੱਲ ਸਬੰਧੀ ਜਾਂਚ, ਵਿਵਹਾਰਕਤਾ ਅਧਿਐਨ, ਸਫਾਈ ਯੋਜਨਾ, ਸਫਾਈ ਡਿਜ਼ਾਈਨ, ਸਫਾਈ ਲਾਗੂ ਕਰਨਾ, ਅਤੇ ਨਿਗਰਾਨੀ ਅਤੇ ਸਾਈਟ ਦਾ ਵਰਤੋਂ ਕੰਟਰੋਲ।

ਅੰਤਰਿਮ ਕਾਰਵਾਈਆਂ ਜਾਂ ਕੁੱਝ ਹਿੱਸਿਆਂ ਦੀ ਸਫਾਈ ਕਿਸੇ ਵੀ ਸਮੇਂ ਹੋ ਸਕਦੀ ਹੈ। ਸਫਾਈ ਲਾਗੂ ਕਰਨ ਨੂੰ ਛੱਡ ਕੇ, ਹਰੇਕ ਪੜਾਅ ਲਈ ਜਨਤਕ ਟਿੱਪਣੀ ਕਰਨ ਦੇ ਮੌਕੇ ਹੋਣਗੇ।

BSB ਇਸ ਸਮੇਂ ਸਫਾਈ ਪ੍ਰਕਿਰਿਆ, ਨਿਗਰਾਨੀ ਅਤੇ ਸਾਈਟ ਦੇ ਵਰਤੋਂ ਕੰਟਰੋਲ ਦੇ ਆਖਰੀ ਪੜਾਅ ਵਿੱਚ ਹੈ। ਸਾਨੂੰ BSB ਨੂੰ ਇਹ ਯਕੀਨੀ ਬਣਾਉਣ ਲਈ ਧਰਤੀ ਵਿਚਲੇ ਪਾਣੀ ਦੀ ਨਿਗਰਾਨੀ ਕਰਨ ਦੀ ਲੋੜ ਹੈ ਕਿ ਮੌਜੂਦਾ ਸਫਾਈ ਵਿਧੀ ਕੰਮ ਕਰ ਵੀ ਰਹੀ ਹੈ ਜਾਂ ਨਹੀਂ।




ਚਿੱਤਰ 2: ਰਸਮੀ ਸਫਾਈ ਪ੍ਰਕਿਰਿਆ ਇਨਫੋਗ੍ਰਾਫਿਕ।

ਸਹੂਲਤ ਵਾਲੀ ਥਾਂ ਨੂੰ ਸਾਫ਼ ਕਰਨ ਲਈ, BSB ਕੋਲ ਇੱਕ ਵਿਸ਼ੇਸ਼ ਪਰਮਿਟ ਹੋਣਾ ਚਾਹੀਦਾ ਹੈ, ਜਿਸਨੂੰ ਸੁਧਾਰ ਲਈ ਕਾਰਵਾਈ ਕਰਨ ਦਾ ਪਰਮਿਟ ਕਿਹਾ ਜਾਂਦਾ ਹੈ। ਉਨ੍ਹਾਂ ਕੋਲ ਨਵੰਬਰ 2005 ਤੋਂ ਸੁਧਾਰ ਲਈ ਕਾਰਵਾਈ ਕਰਨ ਦਾ ਪਰਮਿਟ ਹੈ। ਇਸ ਪਰਮਿਟ ਨੂੰ ਹੁਣ ਦੁਬਾਰਾ ਜਾਰੀ ਕਰਨ ਦੀ ਲੋੜ ਹੈ।

ਅਸੀਂ ਮੌਜੂਦਾ ਸਫਾਈ ਤਰੀਕਿਆਂ ਦੀ ਸਮੇਂ-ਸਮੇਂ 'ਤੇ ਸਮੀਖਿਆ ਵੀ ਕਰ ਰਹੇ ਹਾਂ।

ਇਹ ਟਿੱਪਣੀ ਦੀ ਮਿਆਦ BSB ਦੇ ਮੁੜ ਜਾਰੀ ਕੀਤੇ ਪਰਮਿਟ, ਡਰਾਫਟ ਸਮੇਂ-ਸਮੇਂ ਦੀ ਸਮੀਖਿਆ, ਅਤੇ ਜਨਤਕ ਸ਼ਮੂਲੀਅਤ ਯੋਜਨਾ ਦਾ ਡਰਾਫਟ

## ਦਸਤਾਵੇਜ਼ਾਂ ਦੀ ਸਮੀਖਿਆ ਦਾ ਸਥਾਨ

**ਮਿਲਕੇ ਵੀ ਦਸਤਾਵੇਜ਼ਾਂ ਦੀ ਸਮੀਖਿਆ ਉਪਲਬਧ ਹੈ। ਸਾਡਾ ਦਫ਼ਤਰ ਲੋਕਾਂ ਲਈ ਖੁੱਲ੍ਹਾ ਹੈ, ਹਾਲਾਂਕਿ, ਅਸੀਂ ਤੁਹਾਨੂੰ ਤੁਹਾਡੇ ਆਉਣ ਤੋਂ ਪਹਿਲਾਂ ਮੁਲਾਕਾਤ ਦਾ ਸਮਾਂ ਲੈਣ ਲਈ ਉਤਸ਼ਾਹਿਤ ਕਰਦੇ ਹਾਂ।**

Washington State Department of Ecology
Northwest Regional Office
15700 Dayton Ave N. Shoreline, WA
Reception (24-hour) 206-594-0000

ਮੁਲਾਕਾਤ ਦਾ ਸਮਾਂ ਲੈਣ ਲਈ ਕਿਰਪਾ ਕਰਕੇ ਸੰਪਰਕ ਕਰੋ:

Michael Hart
michael.hart@ecy.wa.gov
NWRO Public Disclosure Coordinator

ਤੁਸੀਂ ਵੈਬਸਾਈਟ 'ਤੇ ਵੀ ਜਾਕੇ ਦਸਤਾਵੇਜ਼ਾਂ ਦੀ ਸਮੀਖਿਆ ਕਰ ਸਕਦੇ ਹੋ: ecology.wa.gov/bsb.

**ਜਾਣਕਾਰੀ ਤੱਕ ਪਹੁੰਚ ਕਰਨ ਬਾਰੇ ਸਵਾਲ?**
Janelle Anderson ਨਾਲ ਸੰਪਰਕ ਕਰੋ:
425-301-6454
janelle.anderson@ecy.wa.gov

ਇਹਨਾਂ ਵਿੱਚੋਂ ਕਿਸੇ ਵੀ ਦਸਤਾਵੇਜ਼ ਬਾਰੇ ਆਪਣੀਆਂ ਟਿੱਪਣੀਆਂ, ਸਵਾਲ ਜਾਂ ਸ਼ੰਕਿਆਂ ਨੂੰ ਦਰਜਜ ਕਰਵਾਉਣ ਲਈ, Ecology ਦੇ ਟਿੱਪਣੀ ਪੰਨੇ 'ਤੇ ਜਾਓ: https://bit.ly/BSBComments.

ਕਿਸੇ ਵੀ ਭਾਸ਼ਾ ਵਿੱਚ ਟਿੱਪਣੀ ਦਰਜ ਕਰਨ ਲਈ, ਕਿਰਪਾ ਕਰਕੇ https://bit.ly/BSBComments 'ਤੇ ਜਾਓ ਜਾਂ ਆਪਣੀ ਟਿੱਪਣੀ ਜੈਨੇਲ ਐਂਡਰਸਨ ਨੂੰ anelle.anderson@ecy.wa.gov 'ਤੇ ਈਮੇਲ ਕਰੋ।.


## ਅੱਗੇ ਕੀ ਹੋਵੇਗਾ?

ਇੱਕ ਵਾਰ ਜਨਤਕ ਟਿੱਪਣੀ ਦੀ ਮਿਆਦ ਖਤਮ ਹੋਣ ਤੋਂ ਬਾਅਦ, ਅਸੀਂ ਸਾਰੀਆਂ ਪ੍ਰਾਪਤ ਕੀਤੀਆਂ ਟਿੱਪਣੀਆਂ ਦੀ ਸਮੀਖਿਆ ਅਤੇ ਵਿਚਾਰ ਕਰਾਂਗੇ। ਤੁਹਾਡੀਆਂ ਟਿੱਪਣੀਆਂ ਦੇ ਆਧਾਰ 'ਤੇ ਡਰਾਫਟ ਦਸਤਾਵੇਜ਼ਾਂ ਨੂੰ ਬਦਲਿਆ ਜਾ ਸਕਦਾ ਹੈ। ਜਦੋਂ ਸਾਈਟ ਬਾਰੇ ਨਵੇਂ ਦਸਤਾਵੇਜ਼ ਬਣਾਏ ਜਾਂਦੇ ਹਨ, ਤਾਂ ਤੁਹਾਨੂੰ ਕਿਸੇ ਵੀ ਵਾਧੂ ਜਨਤਕ ਟਿੱਪਣੀ ਦੀ ਮਿਆਦ ਬਾਰੇ ਜਾਣਕਾਰੀ ਦੇ ਦਿੱਤੀ ਜਾਵੇਗੀ।

Department of Ecology
Northwest Regional Office
P.O. Box 330316
Shoreline, WA 98133-9716

Tel: 206-594-0000

# ਚਰਚਾ ਵਿੱਚ ਹਿੱਸਾ ਲਓ!




ਚਿੱਤਰ 3: BSB Google ਨਕਸ਼ੇ ਵਿੱਚ ਸਥਾਨ

**BSB Diversified ਡਰਾਫਟ ਦੇ ਦਸਤਾਵੇਜ਼**
Ecology ਕੈਂਟ, ਵਾਸ਼ਿੰਗਟਨ ਵਿੱਚ BSB Diversified ਸਹੂਲਤ ਲਈ ਡਰਾਫਟ ਦਸਤਾਵੇਜ਼ਾਂ 'ਤੇ ਜਨਤਕ ਟਿੱਪਣੀ ਦੀ ਮੰਗ ਕਰਦਾ ਹੈ।

ਜਨਤਕ ਟਿੱਪਣੀਆਂ ਦਾ ਵਕਫ਼ਾ
9 ਮਈ ਤੋਂ 24 ਜੂਨ, 2022 ਤੱਕ

ਜਨਤਕ ਮੀਟਿੰਗ ਅਤੇ ਸੁਣਵਾਈ
ਇਸ ਸਮੇਂ ਕੋਈ ਵੀ ਜਨਤਕ ਮੀਟਿੰਗ ਤੈਅ ਨਹੀਂ ਕੀਤੀ ਹੋਈ। ਜਨਤਕ ਮੀਟਿੰਗ ਦੀ ਬੇਨਤੀ ਕਰਨ ਲਈ, ਕਿਰਪਾ ਕਰਕੇ 425-301-6454 'ਤੇ ਕਾਲ ਕਰੋ ਜਾਂ ਈਮੇਲ ਕਰੋ janelle.anderson@ecy.wa.gov.

ਟਿੱਪਣੀ ਦਰਜ ਕਰੋ
https://bit.ly/BSBComments 'ਤੇ ਜਾਓ ਜਾਂ Janelle Anderson ਨੂੰ janelle.anderson@ecy.wa.gov 'ਤੇ ਈਮੇਲ ਕਰੋ।

**ADA ਦੀ ਪਹੁੰਚਯੋਗਤਾ:** ADA ਰਿਹਾਇਸ਼ ਦੀ ਬੇਨਤੀ ਕਰਨ ਲਈ, Ecology ਨੂੰ ਫੋਨ 'ਤੇ ਸੰਪਰਕ ਕਰੋ 360-407-6700, ਈਮੇਲ hwtrpubs@ecy.wa.gov, ਜਾਂ ਇੱਥੇ ਜਾਓ ecology.wa.gov/accessibility। ਰਿਲੇਅ ਸੇਵਾ ਜਾਂ TTY ਲਈ ਕਾਲ ਕਰੋ 711 or 877-833-6341.